# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋਨੰ:DySPD (PEDB)/2021/139187** **ਮਿਤੀ:26.04.2021**

## ਜਨਤਕ ਸੂਚਨਾ

1.0 ਵਿਭਾਗ ਦੇ ਮੀਮੋ ਨੰ:DySPD (PEDB)/2021/128114, ਮਿਤੀ 14.04.2021 ਅਨੁਸਾਰ ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਤੋਂ ਆਪਸੀ ਬਦਲੀ ਲਈ ਮਿਤੀ 14.04.2021 ਤੋਂ 21.04.2021 ਤੱਕ ਆਨਲਾਈਨ ਬੇਨਤੀਆਂ ਮੰਗੀਆਂ ਗਈਆਂ ਸਨ।

2.0 ਵਿਭਾਗ ਦੇ ਪੱਤਰ ਨੰ: 19/19/2019-4ਸਿੱ5(1ਸਿੱ5)/1435124/1 ਮਿਤੀ 07.03.2019 ਰਾਹੀਂ 3582 ਭਰਤੀ ਅਧੀਨ ਭਰਤੀ ਹੋਏ ਅਧਿਆਪਕਾਂ ਨੂੰ ਆਪਸੀ ਬਦਲੀ ਕਰਵਾਉਣ ਤੋਂ ਛੋਟ ਦਿੱਤੀ ਗਈ।

ਇਸ ਤੋਂ ਇਲਾਵਾ ਵਿਭਾਗ ਵਲੋਂ ਸਿੱਧੀ ਭਰਤੀ ਰਾਹੀਂ ਹਾਜਰ ਹੋਏ ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ ਦੀ ਆਪਸੀ ਬਦਲੀ ਸਬੰਧੀ ਫੈਸਲਾ ਲਿਆ ਸੀ ਕਿ:

I. ਅੰਤਰ ਜਿਲ੍ਹਾ ਆਪਸੀ ਅਡਜਸਟਮੈਂਟ ਸਿਰਫ ਦੋਵੇਂ ਉਮੀਦਵਾਰ ਇਕੋ ਹੀ ਕੈਟਾਗਰੀ ਦੀ ਹੋਣ ਦੀ ਸੂਰਤ ਵਿੱਚ ਵਿਚਾਰਿਆ ਜਾਵੇਗਾ।

II. ਜਿਲ੍ਹੇ ਅੰਦਰ ਆਪਸੀ ਅਡਜਸਟਮੈਂਟ ਲਈ ਦੋਵੇਂ ਉਮੀਦਵਾਰ ਭਾਵੇਂ ਵੱਖਰੀ ਵੱਖਰੀ ਕੈਟਾਗਰੀ ਨਾਲ ਸਬੰਧਤ ਹੋਣ ਨੂੰ ਵੀ ਵਿਚਾਰਿਆ ਜਾਵੇਗਾ।

3.0 ਕੁਝ ਅਧਿਆਪਕ, ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ ਵਲੋਂ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਹਨਾਂ ਵਲੋਂ ਬਦਲੀ ਦੀ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ ਕਾਰਨ ਬਦਲੀ ਲਈ ਆਪਣਾ ਡਾਟਾ ਜਿਵੇਂ ਕਿ General Details, Service Record, Results ਨਹੀਂ ਭਰੇ ਗਏ ਜਿਸ ਕਾਰਨ ਉਹ ਆਪਸੀ ਬਦਲੀ ਲਈ ਅਪਲਾਈ ਨਹੀਂ ਕਰ ਪਾ ਰਹੇ।

4.0 ਅਧਿਆਪਕਾਂ ਦੀ ਬੇਨਤੀ ਤੇ ਵਿਚਾਰ ਕਰਦੇ ਹੋਏ 3582 ਭਰਤੀ ਅਧੀਨ ਭਰਤੀ ਹੋਏ ਅਧਿਆਪਕਾਂ, ਸਿੱਧੀ ਭਰਤੀ ਰਾਹੀਂ ਭਰਤੀ ਹੋਏ ਐਚ.ਟੀ ਅਤੇ ਸੀ.ਐਚ.ਟੀ ਜੇਕਰ ਆਪਸੀ ਬਦਲੀ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਮਿਤੀ 28.04.2021 ਤੱਕ ਈਪੰਜਾਬ ਪੋਰਟਲ ਤੇ ਲਾਗ ਇਨ ਕਰਕੇ General Details, Service Record, Results ਭਰ ਸਕਦੇ ਹਨ ਅਤੇ ਨਾਲ ਹੀ ਆਪਸੀ ਬਦਲੀ ਲਈ ਦਰਖਾਸਤ ਦੇ ਸਕਦੇ ਹਨ।

5.0 ਉਪਰੋਕਤ ਤੋਂ ਇਲਾਵਾ ਜੇਕਰ ਕੋਈ ਹੋਰ ਅਧਿਆਪਕ Teachers Transfer Policy 2019 ਅਨੁਸਾਰ ਬਦਲੀ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਅਤੇ ਕਿਸੇ ਅਧਿਆਪਕ ਨਾਲ ਆਪਸੀ ਬਦਲੀ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਵੀ ਮਿਤੀ 28.04.2021 ਤੱਕ ਆਪਸੀ ਬਦਲੀ ਲਈ ਆਪਣੀ ਦਰਖਾਸਤ ਆਨਲਾਈਲ ਦੇ ਸਕਦਾ ਹੈ।

6.0 ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਬੇਨਤੀਆਂ ਕੇਵਲ ਆਪਸੀ ਬਦਲੀ ਲਈ ਹੀ ਲਈਆਂ ਜਾ ਰਹੀਆਂ ਹਨ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**